UW Medicine

## ਪ੍ਰਬੰਧਕੀ ਨੀਤੀਆਂ ਅਤੇ ਪ੍ਰਕਿਰਿਆਵਾਂ

## ਵਿੱਤੀ ਸਹਾਇਤਾ

### ਨੀਤੀ

ਇਸ ਵਿੱਤੀ ਸਹਾਇਤਾ ਨੀਤੀ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਾਡੇ ਮਰੀਜ਼ ਜੋ ਫੈਡਰਲ ਗਰੀਬੀ ਪੱਧਰ 'ਤੇ ਜਾਂ ਇਸ ਦੇ ਨੇੜੇ ਹਨ, ਉਹ ਉਚਿਤ ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ ਅਤੇ/ਜਾਂ ਉਚਿਤ ਗੈਰ-ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ ਉਸ ਕੀਮਤ 'ਤੇ ਪ੍ਰਾਪਤ ਕਰਦੇ ਹਨ ਜੋ ਉਹਨਾਂ ਦੀ ਸੇਵਾਵਾਂ ਦਾ ਭੁਗਤਾਨ ਕਰਨ ਦੀ ਯੋਗਤਾ 'ਤੇ ਆਧਾਰਿਤ ਹੈ ਅਤੇ ਇਸ ਵਿੱਚ ਬਿਨਾਂ ਚਾਰਜ ਦੇਖਭਾਲ ਸ਼ਾਮਲ ਹੈ। ਚੈਪਟਰ 246-453 WAC (Washington Administrative Code, WAC) ਅਤੇ ਚੈਪਟਰ 70.170 RCW (Revised Code of Washington, RCW) ਦੇ ਅਨੁਸਾਰ ਉਮਰ, ਨਸਲ, ਰੰਗ, ਧਰਮ, ਲਿੰਗ, ਜਿਨਸੀ ਰੁਝਾਨ ਜਾਂ ਰਾਸ਼ਟਰੀ ਮੂਲ ਦੀ ਪਰਵਾਹ ਕੀਤੇ ਬਿਨਾਂ ਸਾਰੇ ਯੋਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

### ਨੀਤੀ ਉਪਲਬਤਾ

ਇੱਕ ਨੋਟਿਸ ਜੋ ਮਰੀਜ਼ਾਂ ਨੂੰ ਸਲਾਹ ਦਿੰਦਾ ਹੈ ਕਿ UW Medicine ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ, ਹਸਪਤਾਲ ਦੇ ਮੁੱਖ ਖੇਤਰਾਂ ਵਿੱਚ ਪੋਸਟ ਕੀਤਾ ਗਿਆ ਹੈ, ਜਿਸ ਵਿੱਚ ਦਾਖਲਾ, ਵਿੱਤੀ ਸਲਾਹ, ਐਮਰਜੈਂਸੀ ਵਿਭਾਗ ਅਤੇ ਬਾਹਰੀ ਮਰੀਜ਼ ਰਜਿਸਟ੍ਰੇਸ਼ਨ (Emergency Department and Outpatient Registration) ਸ਼ਾਮਲ ਹਨ ਜੋ ਵਿੱਤੀ ਸਹਾਇਤਾ ਨੀਤੀ ਬਾਰੇ ਜਨਤਾ ਨੂੰ ਸੂਚਿਤ ਕਰੇਗਾ।

ਵਿੱਤੀ ਸਹਾਇਤਾ ਲਈ ਯੋਗਤਾ ਲਈ ਚਾਹੀਦਾ ਹੈ ਕਿ ਮਰੀਜ਼ਾਂ ਵਿੱਤੀ ਸਹਾਇਤਾ ਨੀਤੀ ਵਿੱਚ ਦਰਸਾਏ ਅਨੁਸਾਰ ਸਾਰੀਆਂ ਲੋੜਾਂ ਅਤੇ ਉਮੀਦਾਂ ਪੂਰੀਆਂ ਕਰਨ। ਇਹ ਵਿੱਤੀ ਸਹਾਇਤਾ ਨੀਤੀ, ਇਸਦਾ ਸਾਧਾਰਨ ਭਾਸ਼ਾ ਦਾ ਸਾਰ, ਵਿੱਤੀ ਸਹਾਇਤਾ ਲਈ ਅਰਜ਼ੀ ਅਤੇ ਬਿਲਿੰਗ ਅਤੇ ਸੰਗ੍ਰਹਿ ਨੀਤੀ ਲਾਗੂ ਹਸਪਤਾਲ ਦੇ ਸੇਵਾ ਖੇਤਰ ਵਿੱਚ ਪੰਜ ਪ੍ਰਤੀਸ਼ਤ ਤੋਂ ਘੱਟ ਆਬਾਦੀ ਜਾਂ 0,/ / / ਵਿਅਕਤੀਆਂ ਦੁਆਰਾ ਬੋਲੀ ਜਾਣ ਵਾਲੀ ਕਿਸੇ ਵੀ ਭਾਸ਼ਾ ਵਿੱਚ ਉਪਲਬਧ ਹੈ। ਇਸ ਤੋਂ ਇਲਾਵਾ, ਦੁਭਾਸ਼ੀਏ ਸੇਵਾਵਾਂ ਦੂਜੇ ਗੈਰ-ਅੰਗਰੇਜ਼ੀ ਬੋਲਣ ਵਾਲੇ ਜਾਂ ਸੀਮਤ-ਅੰਗਰੇਜ਼ੀ ਬੋਲਣ ਵਾਲੇ ਮਰੀਜ਼ਾਂ ਜਾਂ ਉਹਨਾਂ ਮਰੀਜ਼ਾਂ ਲਈ ਉਪਲਬਧ ਕਰਵਾਈਆਂ ਜਾਣਗੀਆਂ ਜੋ ਲਿਖਤੀ ਅਰਜ਼ੀ ਸਮੱਗਰੀ ਨੂੰ ਪੜ੍ਹ ਜਾਂ ਸਮਝ ਨਹੀਂ ਸਕਦੇ। ਕਾਪੀਆਂ UW Medicine ਦੀ ਵੈਬਸਾਈਟ 'ਤੇ ਅਤੇ ਬੇਨਤੀ 'ਤੇ ਬਿਨਾਂ ਕਿਸੇ ਲਾਗਤ ਮੁਫ਼ਤ ਵਿੱਚ ਉਪਲਬਧ ਹਨ।

### ਪਰਿਭਾਸ਼ਾਵਾਂ

**ਵਿੱਤੀ ਸਹਾਇਤਾ**: ਗਰੀਬ ਵਿਅਕਤੀਆਂ ਨੂੰ ਮੈਡੀਕਲ ਪੱਖੋਂ ਲੋੜੀਂਦੀ ਸਿਹਤ ਦੇਖਭਾਲ ਉਦੋਂ ਪ੍ਰਦਾਨ ਕੀਤੀ ਜਾਂਦੀ ਹੈ ਜਦੋਂ ਤੀਜੀ-ਧਿਰ ਦੀ ਕਵਰੇਜ, ਜੇਕਰ ਕੋਈ ਹੈ, ਖਤਮ ਹੋ ਗਈ ਹੈ, ਇਸ ਨੀਤੀ ਵਿੱਚ ਮਾਪਦੰਡ ਦੇ ਆਧਾਰ 'ਤੇ ਇਸ ਹੱਦ ਤੱਕ ਕਿ ਵਿਅਕਤੀ ਦੇਖਭਾਲ ਲਈ ਭੁਗਤਾਨ ਕਰਨ ਜਾਂ ਤੀਜੀ-ਧਿਰ ਦੇ ਭੁਗਤਾਨਕਰਤਾ ਦੁਆਰਾ ਲੋੜੀਂਦੀ ਕਟੌਤੀਯੋਗ ਜਾਂ ਸਹਿ ਬੀਮਾ ਰਾਸ਼ੀ ਦਾ ਭੁਗਤਾਨ ਕਰਨ ਵਿੱਚ ਅਸਮਰੱਥ ਹਨ।

**ਮੰਦਭੱਧੀ ਵਿਅਕਤੀ**: ਉਹ ਮਰੀਜ਼ ਜਾਂ ਉਨ੍ਹਾਂ ਦੇ ਗਾਰੰਟਰ ਜੋ ਫੈਡਰਲ ਗਰੀਬੀ ਪੱਧਰ ਦੇ ਆਧਾਰ 'ਤੇ ਇਸ ਵਿੱਤੀ ਸਹਾਇਤਾ ਨੀਤੀ ਦੇ ਅਧੀਨ ਵਿੱਤੀ ਸਹਾਇਤਾ ਲਈ ਯੋਗ ਹਨ, ਪਰਿਵਾਰ ਦੇ ਆਕਾਰ ਲਈ ਐਡਜਸਟ ਕੀਤੇ ਗਏ ਹਨ, ਅਤੇ ਜਿਨ੍ਹਾਂ ਨੇ ਕਿਸੇ ਵੀ ਤੀਜੀ-ਪੱਖੀ ਦੀ ਕਵਰੇਜ ਨੂੰ ਖਤਮ ਕਰ ਦਿੱਤਾ ਹੈ।

**ਤੀਜੀ-ਪੱਖੀ ਕਵਰੇਜ**: ਕਿਸੇ ਬੀਮਾ ਕੰਪਨੀ, ਸਿਹਤ ਸੰਭਾਲ ਸੇਵਾਵਾਂ ਦੇ ਠੇਕੇਦਾਰ, ਸਿਹਤ ਰੱਖ-ਰਖਾਅ ਸੰਸਥਾ, ਸਮੂਹ ਸਿਹਤ ਯੋਜਨਾ, ਸਰਕਾਰੀ ਪ੍ਰੋਗਰਾਮ (Medicare, Medicaid ਜਾਂ ਮੈਡੀਕਲ ਸਹਾਇਤਾ ਪ੍ਰੋਗਰਾਮ, ਕਾਮਿਆਂ ਦਾ ਮੁਆਵਜ਼ਾ, ਵੈਟਰਨ ਬੈਨੀਫਿਟ), ਜਾਂ ਕਵਰ ਕੀਤੇ ਗਏ ਮਰੀਜ਼ਾਂ ਅਤੇ ਸੇਵਾਵਾਂ ਦੀ ਦੇਖਭਾਲ ਲਈ ਭੁਗਤਾਨ ਕਰਨਾ, ਅਤੇ ਇਸ ਵਿੱਚ ਦੂਸਰਿਆਂ ਦੀਆਂ ਲਾਪਰਵਾਹੀ ਵਾਲੇ ਕੰਮ (ਉਦਾਹਰਨ ਲਈ, ਆਟੋ ਦੁਰਘਟਨਾਵਾਂ ਜਾਂ ਨਿੱਜੀ ਸੱਟਾਂ) ਨਾਲ ਸੰਬੰਧਿਤ ਨਿਪਟਾਰੇ, ਨਿਰਣੇ ਜਾਂ ਅਵਾਰਡ ਸ਼ਾਮਲ ਹੋ ਸਕਦੇ ਹਨ ਜਿਨ੍ਹਾਂ ਦੇ ਨਤੀਜੇ ਵਜੋਂ ਮੈਡੀਕਲ ਸਥਿਤੀ ਹੋਈ ਹੈ ਜਿਸ ਲਈ ਮਰੀਜ਼ ਨੇ ਸਿਹਤ ਸੰਭਾਲ ਸੇਵਾਵਾਂ ਪ੍ਰਾਪਤ ਕੀਤੀਆਂ ਹਨ ।UW Medicine ਕੇਸ, ਦਰ, ਕੇਸ ਅਧਾਰ 'ਤੇ ਭੁਗਤਾਨ ਲਈ ਹੋਰ ਕਵਰੇਜ ' ਉਦਾਹਰਨ ਲਈ ਸਿਹਤ ਸੰਭਾਲ ਮੰਤਰਾਲਾ( ਦਾ ਮੁਲਾਂਕਣ ਕਰੇਗੀ।

**UW Medicine**: ਇਸ ਨੀਤੀ ਦੇ ਉਦੇਸ਼ਾਂ ਲਈ, "UW Medicine " ਵਿੱਚ Airlift Northwest, Harborview Medical Center, UW Medical Center, UW Physicians, Valley Medical Center, ਅਤੇ UW Medicine Primary Care. ਸ਼ਾਮਲ ਹਨ।

**ਉਚਿਤ ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ**: ਉਹ UW Medicine ਹਸਪਤਾਲ ਸੇਵਾਵਾਂ ਜੋ ਉਹਨਾਂ ਸਥਿਤੀਆਂ ਦਾ ਨਿਦਾਨ, ਠੀਕ, ਇਲਾਜ, ਘੱਟ ਕਰਨ, ਜਾਂ ਸਥਿਤੀਆਂ ਦੇ ਵਿਗਾੜ ਨੂੰ ਰੋਕਣ ਲਈ ਉਚਿਤ ਰੂਪ ਵਿੱਚ ਗਣਨਾ ਕੀਤੀ ਜਾਂਦੀ ਹੈ ਜਿਹੜੀਆਂ ਖਤਰੇ ਵਿੱਚ ਪਾਉਂਦੀਆਂ ਹਨ, ਜਾਂ ਦੁੱਖ ਜਾਂ ਦਰਦ ਦਾ ਕਾਰਨ ਬਣਦੀਆਂ ਹਨ, ਜਾਂ ਜਿਹਨਾਂ ਕਾਰਨ ਬਿਮਾਰੀ ਜਾਂ ਕਮਜ਼ੋਰੀ, ਜਾਂ ਅਪਾਹਜਤਾ ਹੁੰਦੀ ਹੈ ਜਾਂ ਵਧਦੀ ਹੈ, ਜਾਂ ਸਰੀਰਿਕ ਵਿਗਾੜ ਜਾਂ

ਖਰਾਬੀ ਹੁੰਦੀ ਹੈ, ਅਤੇ ਸੇਵਾ ਦੀ ਬੇਨਤੀ ਕਰਨ ਵਾਲੇ ਵਿਅਕਤੀ ਲਈ ਇਲਾਜ ਦਾ ਕੋਈ ਹੋਰ ਬਰਾਬਰ ਪ੍ਰਭਾਵਸ਼ਾਲੀ, ਵਧੇਰੇ ਰੂੜੀਵਾਦੀ ਜਾਂ ਕਾਫ਼ੀ ਘੱਟ ਮਹਿੰਗਾ ਕੋਰਸ ਉਪਲਬਧ ਜਾਂ ਅਨੁਕੂਲ ਨਹੀਂ ਹੈ। ਇਲਾਜ ਦੇ ਇੱਕ ਕੋਰਸ ਵਿੱਚ ਸਿਰਫ਼ ਨਿਰੀਖਣ ਸ਼ਾਮਲ ਹੋ ਸਕਦਾ ਹੈ ਜਾਂ, ਜਿੱਥੇ ਉਚਿਤ ਹੋਵੇ, ਕੋਈ ਇਲਾਜ ਨਹੀਂ। ਉਚਿਤ ਹਸਪਤਾਲ-ਆਧਾਰਿਤ ਸੇਵਾਵਾਂ ਵਿੱਚ ਸੇਵਾ ਦੇ ਸਥਾਨ 11 ਫ੍ਰੀਸਟੈਂਡਿੰਗ ਕਲੀਨਿਕ/ਚਿਕਿਤਸਕ ਦਫਤਰ ਵਿੱਚ ਦੇਖਭਾਲ ਸ਼ਾਮਲ ਨਹੀਂ ਹੈ ਭਾਵੇਂ ਕਿ UW Medicine ਹਸਪਤਾਲ ਨਾਲ ਜੁੜਿਆ ਹੋਵੇ।

**ਉਚਿਤ ਗੈਰ-ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ**: ਉਹ ਸੇਵਾਵਾਂ ਜਾਂ ਤਾਂ (1) Airlift Northwest ਦੁਆਰਾ, ਜਾਂ (2) UW Physicians ਮੈਂਬਰਾਂ ਦੁਆਰਾ ਸਰਵਿਸ 11 ਫ੍ਰੀ ਸਟੈਂਡਿੰਗ ਕਲਿਨਿਕ/ਚਿਕਿਤਸਕ ਦਫਤਰਾਂ ਦੀ ਜਗ੍ਹਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜੋ ਉਹਨਾਂ ਸਥਿਤੀਆਂ ਦਾ ਨਿਦਾਨ, ਠੀਕ, ਇਲਾਜ, ਘੱਟ ਕਰਨ, ਜਾਂ ਸਥਿਤੀਆਂ ਦੇ ਵਿਗਾੜ ਨੂੰ ਰੋਕਣ ਲਈ ਉਚਿਤ ਰੂਪ ਵਿੱਚ ਗਣਨਾ ਕੀਤੀ ਜਾਂਦੀ ਹੈ ਜਿਹੜੀਆਂ ਖਤਰੇ ਵਿੱਚ ਪਾਉਂਦੀਆਂ ਹਨ, ਜਾਂ ਦੁੱਖ ਜਾਂ ਦਰਦ ਦਾ ਕਾਰਨ ਬਣਦੀਆਂ ਹਨ, ਜਾਂ ਜਿਹਨਾਂ ਕਾਰਨ ਬਿਮਾਰੀ ਜਾਂ ਕਮਜ਼ੋਰੀ, ਜਾਂ ਅਪਾਹਜਤਾ ਹੁੰਦੀ ਹੈ ਜਾਂ ਵਧਦੀ ਹੈ, ਜਾਂ ਸਰੀਰਿਕ ਵਿਗਾੜ ਜਾਂ ਖਰਾਬੀ ਹੁੰਦੀ ਹੈ, ਅਤੇ ਸੇਵਾ ਦੀ ਬੇਨਤੀ ਕਰਨ ਵਾਲੇ ਵਿਅਕਤੀ ਲਈ ਇਲਾਜ ਦਾ ਕੋਈ ਹੋਰ ਬਰਾਬਰ ਪ੍ਰਭਾਵਸ਼ਾਲੀ, ਵਧੇਰੇ ਰੂੜੀਵਾਦੀ ਜਾਂ ਕਾਫ਼ੀ ਘੱਟ ਮਹਿੰਗਾ ਕੋਰਸ ਉਪਲਬਧ ਜਾਂ ਅਨੁਕੂਲ ਨਹੀਂ ਹੈ। ਇਲਾਜ ਦੇ ਕੋਰਸ ਵਿੱਚ ਸਿਰਫ਼ ਨਿਰੀਖਣ ਸ਼ਾਮਲ ਹੋ ਸਕਦਾ ਹੈ ਜਾਂ, ਜਿੱਥੇ ਉਚਿਤ ਹੋਵੇ, ਕੋਈ ਇਲਾਜ ਨਹੀਂ। ਇਸ ਵਿੱਤੀ ਸਹਾਇਤਾ ਨੀਤੀ ਦੇ ਉਦੇਸ਼ਾਂ ਲਈ, ਰੋਕਥਾਮ ਦੇਖਭਾਲ ਸੇਵਾਵਾਂ ਨੂੰ "ਉਚਿਤ ਗੈਰ-ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ" ਮੰਨਿਆ ਜਾ ਸਕਦਾ ਹੈ।

**ਐਮਰਜੈਂਸੀ ਮੈਡੀਕਲ ਸਥਿਤੀ**: ਇੱਕ ਮੈਡੀਕਲ ਸਥਿਤੀ ਕਾਫ਼ੀ ਗੰਭੀਰਤਾ ਦੇ ਗੰਭੀਰ ਲੱਛਣਾਂ ਦੁਆਰਾ ਪ੍ਰਗਟ ਹੁੰਦੀ ਹੈ, ਜਿਸ ਵਿੱਚ ਗੰਭੀਰ ਦਰਦ ਵੀ ਸ਼ਾਮਲ ਹੈ, ਜਿਵੇਂ ਕਿ ਤੁਰੰਤ ਮੈਡੀਕਲ ਸਹਾਇਤਾ ਦੀ ਗੈਰ-ਮੌਜੂਦਗੀ ਦੇ ਨਤੀਜੇ ਵਜੋਂ ਉਮੀਦ ਕੀਤੀ ਜਾ ਸਕਦੀ ਹੈ:

1. ਵਿਅਕਤੀ ਦੀ ਸਿਹਤ (ਜਾਂ, ਗਰਭਵਤੀ ਮਰੀਜ਼ , ਮਰੀਜ਼ ਜਾਂ ਉਨ੍ਹਾਂ ਦੇ ਅਣਜੰਮੇ ਬੱਚੇ ਦੀ ਸਿਹਤ ਨਾਲ ਸਬੰਧਿਤ) ਨੂੰ ਗੰਭੀਰ ਖ਼ਤਰੇ ਵਿੱਚ ਪਾਉਣਾ।
2. ਸਰੀਰਿਕ ਕਾਰਜਾਂ ਦੀ ਗੰਭੀਰ ਕਮਜ਼ੋਰੀ।
3. ਕਿਸੇ ਸਰੀਰਿਕ ਅੰਗ ਜਾਂ ਭਾਗ ਦਾ ਗੰਭੀਰ ਕੁਕਾਰਜ।

ਇੱਕ ਗਰਭਵਤੀ ਮਰੀਜ਼ ਦੇ ਸਬੰਧ ਵਿੱਚ ਜਿਸਨੂੰ ਸੰਕੁਚਨ ਹੋ ਰਿਹਾ ਹੈ ਇਸ ਸ਼ਬਦ ਦਾ ਅਰਥ ਹੋਵੇਗਾ:

1. ਕਿ ਡਿਲੀਵਰੀ ਤੋਂ ਪਹਿਲਾਂ ਕਿਸੇ ਹੋਰ ਹਸਪਤਾਲ ਵਿੱਚ ਸੁਰੱਖਿਅਤ ਟ੍ਰਾਂਸਫਰ ਕਰਨ ਲਈ ਨਾਕਾਫ਼ੀ ਸਮਾਂ ਹੈ; ਜਾਂ
2. ਕਿ ਟ੍ਰਾਂਸਫਰ ਮਰੀਜ਼ ਜਾਂ ਅਣਜੰਮੇ ਬੱਚੇ ਦੀ ਸਿਹਤ ਜਾਂ ਸੁਰੱਖਿਆ ਲਈ ਖਤਰਾ ਪੈਦਾ ਕਰ ਸਕਦੀ ਹੈ।

**ਸੇਵਾ ਦਾ ਸਥਾਨ 11**: ਇਸ ਪਾਲਿਸੀ ਦੇ ਉਦੇਸ਼ਾਂ ਲਈ, ਇਹ ਸ਼ਬਦ ਸਾਰੇ UW Medicine Primary Care ਸਥਾਨਾਂ ਅਤੇ ਕਿਸੇ ਹੋਰ ਫ੍ਰੀਸਟੈਂਡਿੰਗ ਕਲੀਨਿਕ ਜਾਂ ਗੈਰ-ਹਸਪਤਾਲ ਡਾਕਟਰ ਦੇ ਦਫਤਰ ਦੀ ਸੈਟਿੰਗ ਨੂੰ ਦਰਸਾਉਂਦਾ ਹੈ ਜਿਸ ਵਿੱਚ ਇੱਕ ਹੈਲਥਕੇਅਰ ਪੇਸ਼ਾਵਰ ਸੇਵਾਵਾਂ ਪ੍ਰਦਾਨ ਕਰਦਾ ਹੈ ਅਤੇ ਇੱਕ ਪੇਸ਼ੇਵਰ ਫੀਸ ਦਾ ਬਿੱਲ ਦਿੰਦਾ ਹੈ।

**UW Physicians ਮੈਂਬਰ**: ਇਸ ਨੀਤੀ ਦੇ ਉਦੇਸ਼ਾਂ ਲਈ, ਇੱਕ ਡਾਕਟਰ ਜਾਂ ਹੋਰ ਯੋਗਤਾ ਪ੍ਰਾਪਤ ਸਿਹਤ ਸੰਭਾਲ ਪੇਸ਼ੇਵਰ ਜਿਸ ਨੇ UW Physicians ਨਾਲ ਅਭਿਆਸ ਸਮਝੌਤਾ ਕੀਤਾ ਹੈ ਜਾਂ ਉਹਨਾਂ ਨੇ ਆਪਣੀਆਂ ਸੇਵਾਵਾਂ ਨੂੰ ਇਕਰਾਰਨਾਮੇ ਦੇ ਤਹਿਤ UW ਚਿਕਿਤਸਕਾਂ ਨੂੰ ਦੁਬਾਰਾ ਸੌਂਪਿਆ ਹੈ ਅਤੇ ਪ੍ਰੈਕਟਿਸ ਦੀਆਂ ਮਨਜ਼ੂਰਸ਼ੁਦਾ UW Medicine ਸਾਈਟਾਂ 'ਤੇ ਸੇਵਾਵਾਂ ਪ੍ਰਦਾਨ ਕਰਦਾ ਹੈ।

## ਯੋਗਤਾ ਦਾ ਖੇਤਰ

ਵਿੱਤੀ ਸਹਾਇਤਾ ਦੀ ਮੰਗ ਕਰਨ ਵਾਲੇ ਵਿਅਕਤੀਆਂ ਨੂੰ ਯੋਗਤਾ ਲੋੜਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ ਇੱਕ ਅਰਜ਼ੀ ਪ੍ਰਕਿਰਿਆ ਨੂੰ ਪੂਰਾ ਕਰਨਾ ਚਾਹੀਦਾ ਹੈ, ਜਿਵੇਂ ਕਿ ਇੱਥੇ ਦੱਸਿਆ ਗਿਆ ਹੈ।

### ਸੇਵਾਵਾਂ ਦਾ ਖੇਤਰ

ਵਿੱਤੀ ਸਹਾਇਤਾ ਵਾਸਤੇ ਯੋਗਤਾ ਲਈ ਇਹ ਲੋੜ ਹੁੰਦੀ ਹੈ ਕਿ ਮੰਗੀਆਂ ਗਈਆਂ ਮੈਡੀਕਲ ਸੇਵਾਵਾਂ ਢੁਕਵੀਆਂ ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ ਹੋਣ, ਉਹਨਾਂ ਸੇਵਾਵਾਂ ਦੇ ਉਲਟ ਜੋ ਜਾਂਚ, ਚੋਣਤਮਕ ਜਾਂ ਪ੍ਰਯੋਗਾਤਮਕ ਹਨ। ਇਸ ਪੈਰੇ ਵਿੱਚ ਦਰਸਾਏ ਗਏ ਸੇਵਾਵਾਂ ਦੀਆਂ ਜ਼ਰੂਰਤਾਂ ਦੇ ਦਾਇਰੇ ਵਿੱਚ ਅਪਵਾਦ ਕੇਵਲ ਅਸਧਾਰਨ ਹਾਲਤਾਂ ਵਿੱਚ ਅਤੇ UW Medicine ਦੇ ਮੁੱਖ ਵਿੱਤੀ ਅਧਿਕਾਰੀ ਜਾਂ ਨਿਯੁਕਤੀ ਦੀ ਮਨਜ਼ੂਰੀ ਨਾਲ ਹੋ ਸਕਦੇ ਹਨ। ਫੈਡਰਲ ਜਾਂ ਰਾਜ ਦੇ ਕਾਨੂੰਨ ਦੁਆਰਾ ਲੋੜੀਂਦੇ ਨਾ ਹੋਣ ਦੇ ਬਾਵਜੂਦ, ਵਿੱਤੀ ਸਹਾਇਤਾ ਲਈ ਯੋਗਤਾ ਉਹਨਾਂ ਵਿਅਕਤੀਆਂ ਲਈ ਵਧਾਈ ਜਾਵੇਗੀ ਜੋ ਉਚਿਤ ਗੈਰ-ਹਸਪਤਾਲ ਅਧਾਰਿਤ ਮੈਡੀਕਲ ਸੇਵਾਵਾਂ ਪ੍ਰਾਪਤ ਕਰਦੇ ਹਨ ਅਤੇ ਇਸ ਨੀਤੀ ਦੇ ਅਧੀਨ ਉਪਰੋਕਤ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਦੇ ਹਨ।

### ਤੀਜੀ-ਪੱਖੀ ਕਵਰੇਜ

ਵਿੱਤੀ ਸਹਾਇਤਾ ਆਮ ਤੌਰ 'ਤੇ ਮਰੀਜ਼ ਲਈ ਉਪਲਬਧ ਹੋਰ ਸਾਰੇ ਤੀਜੀ-ਪੱਖੀ ਕਵਰੇਜ ਸਰੋਤਾਂ ਲਈ ਸੈਕੰਡਰੀ ਹੁੰਦੀ ਹੈ। ਇਸ ਵਿੱਚ ਸ਼ਾਮਲ ਹਨ:

1. ਸਮੂਹਿਕ ਜਾਂ ਵਿਅਕਤੀਗਤ ਮੈਡੀਕਲ ਪਲਾਨ।
2. ਕਰਮਚਾਰੀਆਂ ਦੇ ਮੁਆਵਜ਼ਾ ਪ੍ਰੋਗਰਾਮ।
3. Medicare, Medicaid ਜਾਂ ਹੋਰ ਮੈਡੀਕਲ ਸਹਾਇਤਾ ਪ੍ਰੋਗਰਾਮ।
4. ਹੋਰ ਰਾਜ, ਫੈਡਰਲ ਜਾਂ ਮਿਲਟ੍ਰੀ ਪ੍ਰੋਗਰਾਮ।
5. ਤੀਜੀ-ਪੱਖੀ ਜ਼ਿੰਮੇਵਾਰੀ ਸਥਿਤੀਆਂ। (ਉਦਾਹਰਨ ਲਈ ਆਟੋ ਦੁਰਘਟਨਾਵਾਂ ਜਾਂ ਨਿੱਜੀ ਸੱਟਾਂ)।
6. ਕਬੀਲਿਆਈ ਸਿਹਤ ਲਾਭ।
7. ਹੋਰ ਸਥਿਤੀਆਂ ਜਿਹਨਾਂ ਵਿੱਚ ਕਿਸੇ ਹੋਰ ਵਿਅਕਤੀ ਜਾਂ ਸੰਸਥਾ ਦੀਆਂ ਮੈਡੀਕਲ ਸੇਵਾਵਾਂ ਦੇ ਖਰਚਿਆਂ ਦਾ ਭੁਗਤਾਨ ਕਰਨ ਦੀ ਕਾਨੂੰਨੀ

ਜ਼ਿੰਮੇਵਾਰੀ ਹੋ ਸਕਦੀ ਹੈ।

ਉਹ ਮਰੀਜ਼ ਜੋ ਸੰਭਾਵਿਤ ਤੌਰ 'ਤੇ ਉਨ੍ਹਾਂ ਲਈ ਉਪਲਬਧ ਬੀਮਾ ਕਵਰੇਜ ਪ੍ਰਾਪਤ ਕਰਨ ਵਿੱਚ ਪਾਲਣਾ ਨਹੀਂ ਕਰਦੇ ਹਨ ਅਤੇ ਜਿਸ ਲਈ ਉਹ ਯੋਗ ਹਨ (ਉਦਾਹਰਨ ਲਈ, Medicaid) ਦਾ ਵਿੱਤੀ ਸਹਾਇਤਾ ਲਈ ਵਿਅਕਤੀਗਤ ਤੌਰ 'ਤੇ ਮੁਲਾਂਕਣ ਕੀਤਾ ਜਾਵੇਗਾ।

ਵਿੱਤੀ ਸਹਾਇਤਾ ਲਈ ਵਿਚਾਰ ਕੀਤੇ ਜਾਣ ਤੋਂ ਪਹਿਲਾਂ, ਤੀਜੀ-ਪੱਖ ਦੇ ਭੁਗਤਾਨ ਕਵਰੇਜ ਲਈ ਮਰੀਜ਼/ਗਾਰੰਟਰ ਦੀ ਯੋਗਤਾ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਮਰੀਜ਼/ਗਾਰੰਟਰ ਨੂੰ ਉਹਨਾਂ ਪ੍ਰੋਗਰਾਮਾਂ ਦੇ ਤਹਿਤ ਕਵਰੇਜ ਲਈ ਅਰਜ਼ੀ ਦੇਣ ਦੀ ਲੋੜ ਹੋ ਸਕਦੀ ਹੈ ਜਿਸ ਲਈ ਉਹ ਯੋਗ ਹਨ। ਜਿਹੜੇ ਮਰੀਜ਼ ਵਿੱਤੀ ਸਹਾਇਤਾ ਅਰਜ਼ੀ ਲੋੜਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹਨ ਉਹਨਾਂ ਨੂੰ ਵਿੱਤੀ ਸਹਾਇਤਾ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਜੇਕਰ ਮਰੀਜ਼/ਗਾਰੰਟਰ Medicaid ਜਾਂ ਹੋਰ Apple Health ਪ੍ਰੋਗਰਾਮ ਲਈ ਅਰਜ਼ੀ ਪ੍ਰਕਿਰਿਆ ਵਿੱਚ ਸਹਿਯੋਗ ਕਰਨ ਲਈ ਉਚਿਤ ਯਤਨ ਨਹੀਂ ਕਰਦਾ ਹੈ ਤਾਂ UW Medicine ਅਜਿਹੇ ਕਿਸੇ ਵੀ ਮਰੀਜ਼/ਗਾਰੰਟਰ ਨੂੰ ਵਿੱਤੀ ਸਹਾਇਤਾ ਪ੍ਰਦਾਨ ਨਾ ਕਰਨ ਦੀ ਚੋਣ ਕਰ ਸਕਦੀ ਹੈ ਜੋ Washington ਸਟੇਟ ਰੀਟ੍ਰੋਐਕਟਿਵ Medicaid ਅਤੇ/ਜਾਂ Apple Health ਪ੍ਰੋਗਰਾਮਾਂ ਲਈ ਯੋਗ ਹੈ। UW Medicine ਇੱਕ ਮਰੀਜ਼ ਨੂੰ ਸਿਰਫ਼ ਸਿਹਤ ਲਾਭ ਐਕਸਚੇਂਜ 'ਤੇ ਮਰੀਜ਼ ਲਈ ਉਪਲਬਧ ਪਲਾਨ ਵਿੱਚ ਦਾਖਲ ਹੋਣ ਲਈ ਮਰੀਜ਼ ਦੇ ਇਨਕਾਰ ਦੇ ਆਧਾਰ 'ਤੇ ਵਿੱਤੀ ਸਹਾਇਤਾ ਤੋਂ ਇਨਕਾਰ ਨਹੀਂ ਕਰੇਗੀ।

ਆਮਦਨ

ਕਾਨੂੰਨ ਅਤੇ ਨੀਤੀ ਦੇ ਅਨੁਸਾਰ, ਉਹ ਵਿਅਕਤੀ ਜਿਨ੍ਹਾਂ ਦੀ ਆਮਦਨ ਸੇਵਾ ਦੀ ਮਿਤੀ ਦੇ ਆਧਾਰ 'ਤੇ ਫੈਡਰਲ ਗਰੀਬੀ ਪੱਧਰ ਦੇ ਦਿਸ਼ਾ-ਨਿਰਦੇਸ਼ਾਂ ਦੇ ਅੰਦਰ ਹੈ, ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ। UW Medicine ਵਿੱਤੀ ਸਹਾਇਤਾ ਲਈ ਆਮਦਨੀ ਯੋਗਤਾ ਸਥਾਪਤ ਕਰਨ ਲਈ ਆਮਦਨ ਦੇ ਸਾਰੇ ਸਰੋਤਾਂ 'ਤੇ ਵਿਚਾਰ ਕਰੇਗੀ। ਆਮਦਨ ਵਿੱਚ ਸ਼ਾਮਲ ਹਨ: ਵੇਤਨ ਅਤੇ ਤਨਖਾਹਾਂ ਤੋਂ ਟੈਕਸ ਤੋਂ ਪਹਿਲਾਂ ਹਾਸਿਲ ਕੁੱਲ ਪ੍ਰਾਪਤੀਆਂ ਟੈਕਸਾਂ; ਭਲਾਈ ਭੁਗਤਾਨ; ਸਮਾਜਿਕ ਸੁਰੱਖਿਆ ਭੁਗਤਾਨ; ਹੜਤਾਲ ਲਾਭ; ਬੇਰੁਜ਼ਗਾਰੀ ਜਾਂ ਅਪੰਗਤਾ ਲਾਭ; ਬੱਚੇ ਦੀ ਸਹਾਇਤਾ; ਗੁਜਾਰਾ; ਅਤੇ ਕਾਰੋਬਾਰ ਅਤੇ ਵਿਅਕਤੀਗਤ ਮਰੀਜ਼/ਗਾਰੰਟਰ ਨੂੰ ਅਦਾ ਕੀਤੀਆਂ ਨਿਵੇਸ਼ ਗਤੀਵਿਧੀਆਂ ਤੋਂ ਸ਼ੁੱਧ ਕਮਾਈ।

**ਅਰਜ਼ੀ**

ਜਦੋਂ ਕੋਈ ਮਰੀਜ਼ ਵਿੱਤੀ ਸਹਾਇਤਾ ਲਈ ਅਰਜ਼ੀ ਦੇਣਾ ਚਾਹੁੰਦਾ ਹੈ, ਤਾਂ ਮਰੀਜ਼ ਨੂੰ ਇੱਕ ਗੁਪਤ ਵਿੱਤੀ ਜਾਣਕਾਰੀ (Confidential Financial Information, CFI) ਫਾਰਮ ਭਰਨਾ ਪਵੇਗਾ ਅਤੇ CFI ਫਾਰਮ 'ਤੇ ਐਂਟਰੀਆਂ ਦਾ ਸਮਰਥਨ ਕਰਨ ਲਈ ਜ਼ਰੂਰੀ ਅਤੇ ਉਚਿਤ ਪੂਰਕ ਵਿੱਤੀ ਦਸਤਾਵੇਜ਼ ਪ੍ਰਦਾਨ ਕਰਨੇ ਪੈਣਗੇ। UW Medicine ਦਾਖਲੇ ਦੇ ਸਮੇਂ ਜਾਂ ਮਰੀਜ਼ ਲਈ ਸੇਵਾਵਾਂ ਸ਼ੁਰੂ ਕਰਨ ਤੋਂ ਬਾਅਦ ਜਿੰਨੀ ਜਲਦੀ ਸੰਭਵ ਹੋ ਸਕੇ ਮਰੀਜ਼ ਦੀ ਵਿੱਤੀ ਸਹਾਇਤਾ ਸਥਿਤੀ ਦਾ ਸ਼ੁਰੂਆਤੀ ਨਿਰਧਾਰਨ ਕਰੇਗੀ। ਉਸ ਕਿਸੇ ਵੀ ਰੁਕਾਵਟ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਮਰੀਜ਼ ਦੀ ਅਰਜ਼ੀ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਦੀ ਸਮਰੱਥਾ ਵਿੱਚ ਰੁਕਾਵਟ ਬਣ ਸਕਦੀਆਂ ਹਨ, ਵਿੱਤੀ ਸਹਾਇਤਾ ਅਰਜ਼ੀ ਪ੍ਰਕਿਰਿਆਵਾਂ ਮਰੀਜ਼ 'ਤੇ ਗੈਰ-ਵਾਜਬ ਭਾਰ ਨਹੀਂ ਪਾਉਣਗੀਆਂ । ਵਾਸ਼ਿੰਗਟਨ ਸਟੇਟ Medicaid ਜਾਂ ਹੋਰ ਸੰਬੰਧਿਤ ਜਨਤਕ ਸਹਾਇਤਾ ਲਾਭਾਂ ਲਈ ਯੋਗਤਾ ਲਈ ਸਕ੍ਰੀਨਿੰਗ ਦਾ ਤਾਲਮੇਲ ਮਰੀਜ਼ ਪਹੁੰਚ ਵਿਭਾਗ (Patient Access Department), ਡਿਸਚਾਰਜ ਪਲਾਨਿੰਗ/ਨਤੀਜਿਆਂ ਪ੍ਰਬੰਧਨ (Discharge Planning/Outcomes Management) (ਜੇਕਰ ਨਰਸਿੰਗ ਹੋਮ ਪਲੇਸਮੈਂਟ ਨਹੀਂ) ਜਾਂ ਮਰੀਜ਼ ਵਿੱਤੀ ਸੇਵਾਵਾਂ (Patient Financial Services) ਦੁਆਰਾ ਕੀਤਾ ਜਾਵੇਗਾ। UW Medicine ਰਾਜ ਦੇ ਮਰੀਜ਼ਾਂ ਅਤੇ. ਜਾਂ ਉਨ੍ਹਾਂ ਦੇ ਗਾਰੰਟਰਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ ਕਿ ਉਨ੍ਹਾਂ ਦੇ ਰਾਜ ਦੇ ਅੰਦਰ ਮੈਡੀਕੇਡ ਅਤੇ ਐਕਸਚੇਂਜ ਪ੍ਰੋਗਰਾਮਾਂ ਲਈ ਕਿੱਥੇ ਅਰਜ਼ੀ ਦੇਣੀ ਹੈ।

1. ਨਿਮਨਲਿਖਤ ਦਸਤਾਵੇਜ਼ਾਂ ਵਿੱਚੋਂ ਕਿਸੇ ਇੱਕ ਨੂੰ ਲੋੜੀਂਦਾ ਸਬੂਤ ਮੰਨਿਆ ਜਾਵੇਗਾ ਜਿਸ ਦੇ ਆਧਾਰ 'ਤੇ ਵਿੱਤੀ ਸਹਾਇਤਾ ਯੋਗਤਾ ਦੇ ਅੰਤਮ ਨਿਰਧਾਰਨ ਨੂੰ ਆਧਾਰ ਬਣਾਇਆ ਜਾ ਸਕਦਾ ਹੈ:
   a. "W-2" ਰੋਕ ਸਟੇਟਮੈਂਟ;
   b. ਮੌਜੂਦਾ ਪੇ ਸਟੱਬ (3 ਮਹੀਨੇ);
   c. ਬੈਂਕ ਸਟੇਟਮੈਂਟਾਂ (3 ਮਹੀਨੇ);
   d. ਪਿਛਲੇ ਸਾਲ ਦੀ ਇਨਕਮ ਟੈਕਸ ਰਿਟਰਨ, ਸਮਾਂ-ਸਾਰਣੀ ਸਮੇਤ, ਜੇਕਰ ਲਾਗੂ ਹੋਵੇ;
   e. ਜੇਕਰ ਤੁਹਾਡੇ ਕੋਲ ਆਮਦਨੀ ਦਾ ਕੋਈ ਸਬੂਤ ਨਹੀਂ ਹੈ, ਤਾਂ ਤੁਹਾਡੀ ਮੌਜੂਦਾ ਵਿੱਤੀ ਸਥਿਤੀ ਅਤੇ ਹਾਲਾਤਾਂ ਨੂੰ ਦਰਸਾਉਂਦੀਆਂ ਹੋਈਆਂ ਰੁਜ਼ਗਾਰਦਾਤਾਵਾਂ ਦੁਆਰਾ ਲਿਖਤੀ, ਦਸਤਖ਼ਤ ਕੀਤੀਆਂ ਸਟੇਟਮੈਂਟਾਂ ਜਾਂ ਹੋਰਾਂ (ਸਹਾਇਤਾ ਪੱਤਰ);
   f. Medicaid ਅਤੇ/ਜਾਂ ਰਾਜ ਦੁਆਰਾ ਫੰਡ ਪ੍ਰਾਪਤ ਮੈਡੀਕਲ ਸਹਾਇਤਾ ਲਈ ਯੋਗਤਾ ਨੂੰ ਮਨਜ਼ੂਰੀ ਦੇਣ ਜਾਂ ਇਨਕਾਰ ਕਰਨ ਵਾਲੇ ਫਾਰਮ;
   g. ਬੇਰੁਜ਼ਗਾਰੀ ਮੁਆਵਜ਼ੇ ਨੂੰ ਮਨਜ਼ੂਰੀ ਦੇਣ ਜਾਂ ਇਨਕਾਰ ਕਰਨ ਵਾਲੇ ਫਾਰਮ; ਜਾਂ ਰੁਜ਼ਗਾਰਦਾਤਾਵਾਂ ਜਾਂ ਭਲਾਈ ਏਜੰਸੀਆਂ ਦੁਆਰਾ ਲਿਖਤੀ ਸਟੇਟਮੈਂਟਾਂ।
2. ਇਸ ਤੋਂ ਇਲਾਵਾ, ਜੇ ਮਰੀਜ਼ ਉੱਪਰ ਦੱਸੇ ਗਏ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਪ੍ਰਦਾਨ ਕਰਨ ਦੇ ਯੋਗ ਨਹੀਂ ਹੁੰਦਾ ਹੈ, ਤਾਂ UW Medicine ਬਿਨੈਕਾਰ ਦੀ ਆਮਦਨ ਦਾ ਵਰਣਨ ਕਰਨ ਵਾਲੇ ਕਿਸੇ ਵੀ ਜ਼ਿੰਮੇਵਾਰ ਪੱਖ ਜਾਂ ਕਿਸੇ ਹੋਰ ਪੱਖ ਦੀਆਂ ਲਿਖਤੀ ਅਤੇ ਹਸਤਾਖ਼ਰਿਤ ਸਟੇਟਮੈਂਟਾਂ 'ਤੇ ਭਰੋਸਾ ਕਰੇਗੀ। ਜੇਕਰ ਉਪਰੋਕਤ ਵਿੱਚੋਂ ਕੋਈ ਵੀ ਉਪਲਬਧ ਨਹੀਂ ਹੈ, ਤਾਂ UW Medicine ਵਿੱਤੀ ਸਹਾਇਤਾ ਦੀ ਪਹਿਲਾਂ ਦੀ UW Medicine ਗ੍ਰਾਂਟ ਦੇ ਗਿਆਨ ਦੇ ਆਧਾਰ 'ਤੇ ਜਾਂ ਮੌਖਿਕ ਪ੍ਰਤੀਨਿਧਤਾ ਦੇ ਆਧਾਰ 'ਤੇ ਇੱਕ ਨਿਰਣਾ ਕਰ ਸਕਦੀ ਹੈ।
3. ਅਰਜ਼ੀ ਨਾਲ ਸਬੰਧਤ ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ। ਅਰਜ਼ੀ ਦਾ ਸਮਰਥਨ ਕਰਨ ਵਾਲੇ ਦਸਤਾਵੇਜ਼ਾਂ ਦੀਆਂ ਕਾਪੀਆਂ ਨੂੰ ਵਿੱਤੀ ਸਹਾਇਤਾ ਅਰਜ਼ੀ ਫਾਰਮ ਦੇ ਨਾਲ ਰੱਖਿਆ ਜਾਵੇਗਾ ਅਤੇ ਇਹਨਾਂ ਨੂੰ ਸੱਤ ਸਾਲਾਂ ਲਈ ਰੱਖਿਆ ਜਾਵੇਗਾ।

UW Medicine ਆਮਦਨ ਦੀਆਂ ਲੋੜਾਂ, ਦਸਤਾਵੇਜ਼ਾਂ ਅਤੇ ਤਸਦੀਕ ਨੂੰ ਛੱਡ ਸਕਦੀ ਹੈ ਜੇਕਰ ਵਿੱਤੀ ਸਹਾਇਤਾ ਯੋਗਤਾ ਸਪੱਸ਼ਟ ਹੈ। UW ਮੈਡੀਸਨ

ਸਟਾਫ਼ ਦੇ ਵਿਵੇਕ ਦੀ ਵਰਤੋਂ ਉਹਨਾਂ ਸਥਿਤੀਆਂ ਵਿੱਚ ਕੀਤੀ ਜਾਵੇਗੀ ਜਿੱਥੇ ਸਮਾਜਿਕ ਜਾਂ ਸਿਹਤ ਮੁੱਦਿਆਂ ਵਰਗੇ ਕਾਰਕ ਮੌਜੂਦ ਹਨ। ਅਜਿਹੇ ਮਾਮਲਿਆਂ ਵਿੱਚ, UW Medicine ਯੋਗਤਾ ਦਾ ਅੰਤਮ ਨਿਰਣਾ ਕਰਨ ਲਈ ਜ਼ਿੰਮੇਵਾਰ ਪੱਖ ਦੇ ਲਿਖਤੀ ਅਤੇ ਦਸਤਖ਼ਤ ਕੀਤੀਆਂ ਸਟੇਟਮੈਂਟਾਂ 'ਤੇ ਨਿਰਭਰ ਕਰੇਗੀ।

UW Medicine ਵਿੱਤੀ ਸਹਾਇਤਾ ਲਈ ਅਰਜ਼ੀ ਦੇਣ ਵਾਲੇ ਵਿਅਕਤੀਆਂ ਨੂੰ ਕਿਸੇ ਵਿਅਕਤੀ ਦੀ ਪੂਰੀ ਹੋਈ ਅਰਜ਼ੀ ਅਤੇ ਸਹਾਇਕ ਦਸਤਾਵੇਜ਼ ਪ੍ਰਾਪਤ ਕਰਨ ਦੇ 14 ਦਿਨਾਂ ਦੇ ਅੰਦਰ ਯੋਗਤਾ ਦੇ ਨਿਰਧਾਰਨ ਬਾਰੇ ਸੂਚਿਤ ਕਰੇਗੀ। ਮਨਜ਼ੂਰੀ, ਹੋਰ ਜਾਣਕਾਰੀ ਲਈ ਬੇਨਤੀ ਜਾਂ <u>ਵਿੱਤੀ ਸਹਾਇਤਾ</u> ਲਈ ਇਨਕਾਰ ਲਿਖਤੀ ਰੂਪ ਵਿੱਚ ਹੋਵੇਗਾ ਅਤੇ ਇਸ ਵਿੱਚ ਅਪੀਲ ਜਾਂ ਪੁਨਰ ਵਿਚਾਰ ਲਈ ਹਦਾਇਤਾਂ ਸ਼ਾਮਲ ਹੋਣਗੀਆਂ। ਜੇਕਰ UW Medicine ਵਿੱਤੀ ਸਹਾਇਤਾ ਤੋਂ ਇਨਕਾਰ ਕਰਦੀ ਹੈ, ਤਾਂ UW Medicine ਇਨਕਾਰ ਲਈ ਆਧਾਰ ਦੀ ਅਰਜ਼ੀ ਦੇਣ ਵਾਲੇ ਵਿਅਕਤੀ ਨੂੰ ਸੂਚਿਤ ਕਰੇਗੀ। ਜੇਕਰ ਇਨਕਾਰ ਕੀਤਾ ਜਾਂਦਾ ਹੈ ਤਾਂ ਮਰੀਜ਼/ਗਾਰੰਟਰ UW Medicine ਨੂੰ ਵਾਧੂ ਦਸਤਾਵੇਜ਼ ਪ੍ਰਦਾਨ ਕਰ ਸਕਦਾ ਹੈ ਜਾਂ ਇਨਕਾਰ ਦੀ ਸੂਚਨਾ ਪ੍ਰਾਪਤ ਹੋਣ ਦੇ 30 ਦਿਨਾਂ ਦੇ ਅੰਦਰ ਸਮੀਖਿਆ ਦੀ ਬੇਨਤੀ ਕਰ ਸਕਦਾ ਹੈ। ਜੇਕਰ ਇਹ ਸਮੀਖਿਆ ਵਿੱਤੀ ਸਹਾਇਤਾ ਦੇ ਪਿਛਲੇ ਇਨਕਾਰ ਦੀ ਪੁਸ਼ਟੀ ਕਰਦੀ ਹੈ, ਤਾਂ ਰਾਜ ਦੇ ਕਾਨੂੰਨ ਦੇ ਅਨੁਸਾਰ ਮਰੀਜ਼/ਗਾਰੰਟਰ ਅਤੇ Department of Health ਨੂੰ ਲਿਖਤੀ ਸੂਚਨਾ ਭੇਜੀ ਜਾਵੇਗੀ।

UW Medicine ਵਿੱਤੀ ਸਹਾਇਤਾ ਯੋਗਤਾ ਨਿਰਧਾਰਤ ਕਰਨ ਲਈ ਸੰਪੱਤੀਆਂ ਨੂੰ ਧਿਆਨ ਵਿੱਚ ਨਹੀਂ ਰੱਖਦੀ। UW Medicine <u>ਮੁਸ਼ਕਿਲ</u> ਯੋਗਤਾ ਨਿਰਧਾਰਤ ਕਰਨ ਲਈ ਸੰਪੱਤੀਆਂ 'ਤੇ ਵਿਚਾਰ ਕਰ ਸਕਦੀ ਹੈ ਅਤੇ ਸੰਪੱਤੀਆਂ ਨਾਲ ਸਬੰਧਤ ਜਾਣਕਾਰੀ ਇਕੱਠੀ ਕਰ ਸਕਦੀ ਹੈ।

## ਵਿੱਤੀ ਮਾਪਦੰਡ

ਜੇਕਰ ਕੋਈ ਜ਼ਿੰਮੇਵਾਰ ਪੱਖ ਉਚਿਤ ਹਸਪਤਾਲ-ਅਧਾਰਿਤ ਜਾਂ ਉਚਿਤ ਗੈਰ-ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ ਨਾਲ ਸਬੰਧਤ ਕਿਸੇ ਹਿੱਸੇ ਦਾ ਭੁਗਤਾਨ ਕਰਦਾ ਹੈ ਜਾਂ ਸਾਰੇ ਖ਼ਰਚ ਭਰਦਾ ਹੈ ਤਾਂ ਅਜਿਹੇ ਸਾਰੇ ਖ਼ਰਚ ਭੁਗਤਾਨ ਜ਼ਿੰਮੇਵਾਰ ਪੱਖ ਨੂੰ UW Medicine ਦੇ ਨਿਰਧਾਰਨ ਦੇ 30 ਦਿਨਾਂ ਦੇ ਅੰਦਰ ਵਾਪਸ ਕਰ ਦਿੱਤੇ ਜਾਣਗੇ ਜਦੋਂ ਮਰੀਜ਼ ਵਿੱਤੀ ਸਹਾਇਤਾ ਲਈ ਯੋਗ ਹੈ। <u>ਜੇ ਅੰਸ਼ਕ ਵਿੱਤੀ ਸਹਾਇਤਾ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਮਰੀਜ਼ਾਂ ਦੇ ਅਗਾਊਂ ਭੁਗਤਾਨ ਲਾਗੂ ਕਰਨ ਤੋਂ ਬਾਅਦ ਰਿਫੰਡ ਜਾਰੀ ਕੀਤੇ ਜਾਣਗੇ।</u> ਵਾਧੂ ਜਾਣਕਾਰੀ ਲਾਗੂ ਹਸਪਤਾਲ ਲਈ ਬਿਲਿੰਗ ਅਤੇ ਕੁਲੈਕਸ਼ਨ ਨੀਤੀ ਵਿੱਚ ਦੇਖੀ ਜਾ ਸਕਦੀ ਹੈ।

ਬਿਨੈਕਾਰ ਦੀ ਸਾਲਾਨਾ ਪਰਿਵਾਰਕ ਆਮਦਨ ਉਚਿਤ ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ ਜਾਂ ਉਚਿਤ ਗੈਰ-ਹਸਪਤਾਲ-ਆਧਾਰਿਤ ਮੈਡੀਕਲ ਸੇਵਾਵਾਂ ਪ੍ਰਦਾਨ ਕੀਤੇ ਜਾਣ ਦੇ ਸਮੇਂ, ਜਾਂ ਵਿੱਤੀ ਸਹਾਇਤਾ ਲਈ ਅਰਜ਼ੀ ਦੇ ਸਮੇਂ ਨਿਰਧਾਰਤ ਕੀਤੀ ਜਾਵੇਗੀ, ਜੇਕਰ ਅਰਜ਼ੀ ਸੇਵਾ ਦੇ ਦੋ ਸਾਲਾਂ ਦੇ ਅੰਦਰ ਕੀਤੀ ਜਾਂਦੀ ਹੈ, ਮਰੀਜ਼ ਦਿੱਤੀਆਂ ਗਈਆਂ ਸਿਹਤ ਦੇਖਭਾਲ ਸੇਵਾਵਾਂ ਲਈ ਭੁਗਤਾਨ ਪ੍ਰਤੀ ਚੰਗੇ ਵਿਸ਼ਵਾਸਪੂਰਨ ਜਤਨ ਕਰਦਾ ਹੈ ਅਤੇ ਮਰੀਜ਼ ਵਿੱਤੀ ਸਹਾਇਤਾ ਲਈ ਯੋਗਤਾ ਦਿਖਾਉਂਦਾ ਹੈ।

Airlift Northwest, Harborview Medical Center, UW Medical Center, UW Physicians, UW Medicine Primary Care, ਅਤੇ Valley Medical Center ਵਿਖੇ ਸਹੂਲਤ ਅਤੇ/ਜਾਂ ਪੇਸ਼ੇਵਰ ਸੇਵਾਵਾਂ ਲਈ:

- 100% ਵਿੱਤੀ ਸਹਾਇਤਾ ਛੋਟ ਲਈ FPL (Federal Poverty Level) ਦਾ 0% - 300%

Harborview Medical Center, UW Medical Center, ਅਤੇ Valley Medical Center ਵਿੱਚ ਡਿਸਚਾਰਜ ਦੀਆਂ ਤਾਰੀਖ਼ਾਂ ਜਾਂ 1 ਜੁਲਾਈ, 2022, ਤੋਂ ਬਾਅਦ ਵਾਲੀਆਂ ਸੁਵਿਧਾ ਸੇਵਾਵਾਂ ਲਈ:

- 75% ਵਿੱਤੀ ਸਹਾਇਤਾ ਛੋਟ ਲਈ FPL ਦਾ 301% - 350%
- 50% ਵਿੱਤੀ ਸਹਾਇਤਾ ਛੋਟ ਲਈ FPL ਦਾ 351% - 400%

## ਖ਼ਰਚ 'ਤੇ ਸੀਮਾ

Valley Medical Center ਇਸ <u>ਵਿੱਤੀ</u> ਸਹਾਇਤਾ ਨੀਤੀ ਦੇ ਅਧੀਨ ਸਹਾਇਤਾ ਲਈ ਯੋਗ ਵਿਅਕਤੀਆਂ ਨੂੰ ਪ੍ਰਦਾਨ ਕੀਤੀ ਐਮਰਜੈਂਸੀ ਜਾਂ ਹੋਰ ਮੈਡੀਕਲ ਪੱਖੋਂ ਲੋੜੀਂਦੀ ਦੇਖਭਾਲ ਲਈ ਵਸੂਲੀ ਜਾਣ ਵਾਲੀ ਰਕਮ ਨੂੰ ਉਹਨਾਂ ਵਿਅਕਤੀਆਂ ਲਈ ਆਮ ਤੌਰ 'ਤੇ ਬਿੱਲ ਕੀਤੀਆਂ ਜਾਣ ਵਾਲੀਆਂ (Amounts Generally Billed, AGB) ਤੋਂ ਵੱਧ ਰਕਮਾਂ ਤੱਕ ਸੀਮਿਤ ਕਰਦਾ ਹੈ ਜਿਨ੍ਹਾਂ ਕੋਲ ਅਜਿਹੀ ਦੇਖਭਾਲ ਕਵਰ ਕਰਨ ਲਈ ਬੀਮਾ ਹੈ ਅਤੇ ਹੋ ਸਕਦਾ ਹੈ ਅਤੇ ਉਹ "ਅਜਿਹੇ ਵਿਅਕਤੀਆਂ ਤੋਂ "ਕੁੱਲ ਖ਼ਰਚ" ਨਹੀਂ ਲੈ ਸਕਦੇ। 26 USC §501(r)(5)(A) ਅਤੇ (B) ਦੇਖੋ। ਜ਼ਿਆਦਾ ਜਾਣਕਾਰੀ ਲਈ ਅੰਤਕੇ ਦਾ ਹਵਾਲਾ ਲਓ।

ਇਹ AGB ਸੀਮਾਵਾਂ ਇਸ ਵਿੱਤੀ ਸਹਾਇਤਾ ਨੀਤੀ ਦੇ ਅਧੀਨ “UW Medicine” ਦੇ ਪਰਿਭਾਸ਼ਾਤਾਮਕ ਕਾਰਜਖੇਤਰ ਵਿੱਚ ਹੋ ਰ ਇਕਾਈਆਂ ਲਈ ਲਾਗੂ ਨਹੀਂ ਹੁੰਦੀਆਂ।

## ਪ੍ਰਕਿਰਿਆ

### ਜ਼ਿੰਮੇਵਾਰ ਪੱਖ: ਵਿੱਤੀ ਸਲਾਹ ਜਾਂ ਮਰੀਜ਼ ਵਿੱਤੀ ਸੇਵਾਵਾਂ

### A. ਨਿਰਦੇਸ਼/ਚਰਨ

UW Medicine ਇੱਕ ਵਿਆਪਕ ਮਰਜ਼ੀ ਸਕ੍ਰੀਨਿੰਗ ਅਤੇ ਵਿੱਤੀ ਸਹਾਇਤਾ ਜਾਗਰੂਕਤਾ ਪ੍ਰਦਾਨ ਕਰਦੀ ਹੈ। UW Medicine ਮੈਡੀਕਲ ਪੱਖੋਂ ਜ਼ਰੂਰੀ ਸਿਹਤ ਦੇਖਭਾਲ ਲਈ ਕਿਸੇ ਵੀ ਤੀਜੀ-ਪੱਖੀ ਕਵਰੇਜ ਲਈ ਨਿਰਧਾਰਨ ਕਰਨ ਲਈ ਹਰ ਉਚਿਤ ਜਤਨ ਕਰੇਗੀ। UW Medicine ਇਸ ਬਾਰੇ ਪੁੱਛਗਿੱਛ ਕਰੇਗੀ ਕਿ ਕੀ ਕੋਈ ਮਰੀਜ਼ ਜਾਂ ਉਨ੍ਹਾਂ ਦਾ ਗਾਰੰਟਰ ਚੈਪਟਰ 74.09 RCW ਜਾਂ Washington Health Benefit Exchange ਦੇ ਅਧੀਨ ਮੈਡੀਕਲ

ਸਹਾਇਤਾ ਪ੍ਰੋਗਰਾਮਾਂ ਅਧੀਨ ਸਿਹਤ ਦੇਖਭਾਲ ਕਵਰੇਜ ਲਈ ਮਾਪਦੰਡਾਂ ਨੂੰ ਪੂਰਾ ਕਰਦਾ ਹੈ ਜਾਂ ਨਹੀਂ। ਜੇਕਰ ਕਿਸੇ ਵਿੱਤੀ ਸਹਾਇਤਾ ਦੀ ਅਰਜ਼ੀ ਵਿੱਚ ਜਾਣਕਾਰੀ ਇਹ ਦਰਸਾਉਂਦੀ ਹੈ ਕਿ ਮਰੀਜ਼ ਜਾਂ ਉਹਨਾਂ ਦਾ ਗਾਰੰਟਰ ਕਵਰੇਜ ਲਈ ਯੋਗ ਹੈ, ਤਾਂ UW Medicine ਅਰਜ਼ੀ ਦੇਣ ਵਿੱਚ ਮਰੀਜ਼ ਜਾਂ ਉਹਨਾਂ ਦੇ ਗਾਰੰਟਰ ਦੀ ਸਹਾਇਤਾ ਕਰੇਗੀ। ਇਸ ਤੋਂ ਇਲਾਵਾ, ਸਿੱਖਿਅਤ ਨੈਵੀਗੇਟਰ ਸਹਾਇਤਾ ਲਈ ਨਿਮਨਲਿਖਿਤ ਨਾਲ ਉਪਲਬਧ ਹਨ:

- ਆਮ ਸਵਾਲ
- ਦੁਭਾਸ਼ੀਆ ਸੇਵਾਵਾਂ ਤੱਕ ਪਹੁੰਚ
- ਵਾਸ਼ਿੰਗਟਨ ਸਟੇਟ Medicaid, Medicare ਅਤੇ ਵਾਸ਼ਿੰਗਟਨ ਸਟੇਟ Health Benefits Exchange ਨਾਮਾਂਕਣ

ਮਰੀਜ਼ਾਂ/ਗਾਰੰਟਰਾਂ ਦੀ ਪਛਾਣ ਵੱਖ-ਵੱਖ ਪੁਆਇੰਟਾਂ ਜਿਵੇਂ ਸੰਭਾਲ/ਸ਼ਡਿਊਲਿੰਗ, ਉਨ੍ਹਾਂ ਦੇ ਦੌਰੇ/ਰਜਿਸਟ੍ਰੇਸ਼ਨ ਦੌਰਾਨ, ਅਤੇ ਸਰਵਿਸ/ਬਿਲਿੰਗ ਤੋਂ ਬਾਅਦ 'ਤੇ ਵਿੱਤੀ ਸਹਾਇਤਾ ਸਕ੍ਰੀਨਿੰਗ ਲਈ ਪਹਿਚਾਣ ਕੀਤੀ ਜਾਂਦੀ ਹੈ।

ਵਿੱਤੀ ਸਹਾਇਤਾ ਜਾਗਰੂਕਤਾ ਵਿੱਚ ਸ਼ਾਮਿਲ ਹੈ

- ਹਸਪਤਾਲ ਦੇ ਮੁੱਖ ਜਨਤਕ ਖੇਤਰਾਂ, ਐਮਰਜੈਂਸੀ ਵਿਭਾਗ ਅਤੇ ਕਲੀਨਿਕਾਂ ਵਿੱਚ ਪੰਜ ਪ੍ਰਤੀਸ਼ਤ (5%) ਤੋਂ ਘੱਟ ਆਬਾਦੀ ਜਾਂ ਲਾਗੂ ਹਸਪਤਾਲ ਦੇ ਸੇਵਾ ਖੇਤਰ ਵਿੱਚ 1,000 ਵਿਅਕਤੀਆਂ ਦੁਆਰਾ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿੱਚ ਸੰਕੇਤ ਪ੍ਰਦਰਸ਼ਿਤ ਕੀਤੇ ਜਾਂਦੇ ਹਨ। ਵਰਚੁਅਲ ਸੰਕੇਤ ਦੇ ਅੰਦਰ ਇਲੈਕਟ੍ਰੋਨਿਕ ਤਰੀਕੇ ਨਾਲ ਸ਼ਡਿਊਲਿੰਗ ਕਰਨ ਵਾਲੇ ਮਰਜ਼ੀਂ ਲਈ MyChart 'ਤੇ ਦਿੱਤੇ ਜਾਂਦੇ ਹਨ।
- UW Medicine uwmedicine.org/financialassistance ਜਾਂ valleymed.org/financialassistance 'ਤੇ ਵਿੱਤੀ ਸਹਾਇਤਾ ਦਸਤਾਵੇਜ਼ ਪੇਸ਼ ਕਰਦੀ ਹੈ।.
- ਸਟਾਫ਼ ਨੂੰ ਵਿੱਤੀ ਸਹਾਇਤਾ ਦੀ ਉਪਲਬਧਤਾ ਬਾਰੇ ਦੱਸਣ ਅਤੇ ਸਹਾਇਤਾ ਲਈ ਮਰੀਜ਼ਾਂ ਨੂੰ ਰੈਫਰ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ।
- UW Medicine ਨੇ ਸੀਮਤ ਅੰਗਰੇਜ਼ੀ ਮੁਹਾਰਤ ਵਾਲੇ ਵਿਅਕਤੀਆਂ ਅਤੇ ਗੈਰ-ਅੰਗਰੇਜ਼ੀ ਬੋਲਣ ਵਾਲੇ ਵਿਅਕਤੀਆਂ ਨੂੰ ਆਪਣੀ ਵਿੱਤੀ ਸਹਾਇਤਾ ਨੀਤੀ ਬਾਰੇ ਜਾਣਕਾਰੀ ਨੂੰ ਸਮਝਣ ਵਿੱਚ ਸਹਾਇਤਾ ਕਰਨ ਲਈ ਆਪਣੀ ਵਿੱਤੀ ਸਹਾਇਤਾ ਨੀਤੀ ਅਤੇ ਦੁਭਾਸ਼ੀਏ ਸੇਵਾਵਾਂ ਦੀ ਵਰਤੋਂ 'ਤੇ ਇੱਕ ਮਿਆਰੀ ਸਾਲਾਨਾ ਸਿਖਲਾਈ ਪ੍ਰੋਗਰਾਮ ਸਥਾਪਤ ਕੀਤਾ ਹੈ। ਇਹ ਸਿਖਲਾਈ ਫਰੰਟ-ਲਾਈਨ ਸਟਾਫ਼ ਜੋ ਰਜਿਸਟ੍ਰੇਸ਼ਨ, ਦਾਖਲਾ, ਐਮਰਜੈਂਸੀ ਵਿਭਾਗ, ਅਤੇ ਬਿਲਿੰਗ ਵਿੱਚ ਕੰਮ ਕਰਦੇ ਹਨ, ਅਤੇ ਕਿਸੇ ਹੋਰ ਉਚਿਤ ਸਟਾਫ਼ ਲਈ, ਵਿੱਤੀ ਸਹਾਇਤਾ ਦੇ ਸਵਾਲਾਂ ਦੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ, ਕੋਈ ਲੋੜੀਂਦੀ ਦੁਭਾਸ਼ੀਏ ਸੇਵਾਵਾਂ ਪ੍ਰਾਪਤ ਕਰਨ, ਅਤੇ ਸਮੇਂ ਸਿਰ ਢੁਕਵੇਂ ਵਿਭਾਗ ਨੂੰ ਸਿੱਧਾ ਪੁੱਛਣ ਲਈ ਉਚਿਤ ਹੈ।
- ਮਰੀਜ਼ ਬਿਲਿੰਗ ਸੰਚਾਰ ਅੰਗਰੇਜ਼ੀ ਅਤੇ ਸਪੈਨਿਸ਼ (ਦੂਜੀ ਸਭ ਤੋਂ ਆਮ ਬੋਲੀ ਜਾਣ ਵਾਲੀ ਭਾਸ਼ਾ) ਵਿੱਚ ਵਿੱਤੀ ਸਹਾਇਤਾ ਦੀ ਉਪਲਬਧਤਾ ਦੀ ਪੇਸ਼ਕਸ਼ ਕਰਦੇ ਹਨ।

UW Medicine ਉਦੋਂ ਤੱਕ ਦੇ ਯਤਨ ਸ਼ੁਰੂ ਨਹੀਂ ਕਰੇਗੀ ਜਦੋਂ ਤੱਕ ਵਿੱਤੀ ਸਹਾਇਤਾ ਯੋਗਤਾ ਸਥਿਤੀ ਦਾ ਸ਼ੁਰੂਆਤੀ ਨਿਰਧਾਰਨ ਨਹੀਂ ਕੀਤਾ ਜਾਂਦਾ। ਜਿੱਥੇ UW Medicine ਸ਼ੁਰੂ ਵਿੱਚ ਇਹ ਨਿਰਧਾਰਿਤ ਕਰਦੀ ਹੈ ਕਿ ਇੱਕ ਮਰੀਜ਼ ਵਿੱਤੀ ਸਹਾਇਤਾ ਲਈ ਯੋਗ ਹੋ ਸਕਦਾ ਹੈ, ਕੋਈ ਵੀ ਅਤੇ ਸਾਰੀਆਂ ਅਸਧਾਰਨ ਕੁਲੈਕਸ਼ਨ ਕਾਰਵਾਈਆਂ (ਸਿਵਲ ਕਾਰਵਾਈਆਂ, ਗਾਰਨਿਸ਼ਮੈਂਟਾਂ, ਅਤੇ ਕੁਲੈਕਸ਼ਨ ਜਾਂ ਕ੍ਰੈਡਿਟ ਏਜੰਸੀਆਂ ਨੂੰ ਰਿਪੋਰਟਾਂ ਸਮੇਤ) ਵਿੱਤੀ ਸਹਾਇਤਾ ਯੋਗਤਾ ਦੇ ਅੰਤਮ ਨਿਰਧਾਰਨ ਤੱਕ ਬੰਦ ਹੋ ਜਾਣਗੀਆਂ। ਹਾਲਾਂਕਿ, WAC 246-453-020 (5) ਵਿੱਚ ਦਰਸਾਏ ਅਨੁਸਾਰ, ਇਸ ਨੀਤੀ ਦੇ ਅਧੀਨ ਵਿੱਤੀ ਸਹਾਇਤਾ ਅਰਜ਼ੀ ਪ੍ਰਕਿਰਿਆਵਾਂ ਨੂੰ ਉਚਿਤ ਤੌਰ 'ਤੇ ਪੂਰਾ ਕਰਨ ਵਿੱਚ ਮਰੀਜ਼ ਜਾਂ ਜ਼ਿੰਮੇਵਾਰ ਪੱਖ ਦੀ ਅਸਫਲਤਾ, UW Medicine ਲਈ ਮਰੀਜ਼ 'ਤੇ ਨਿਰਦੇਸ਼ਿਤ ਕੀਤੇ ਗਏ ਕੁਲੈਕਸ਼ਨ ਦੇ ਯਤਨਾਂ ਨੂੰ ਸ਼ੁਰੂ ਕਰਨ ਲਈ ਉਚਿਤ ਆਧਾਰ ਹੋਵੇਗੀ। ਇਸ ਅਨੁਸਾਰ, ਇਸ ਨੀਤੀ ਦੇ ਉਦੇਸ਼ਾਂ ਲਈ, ਇੱਕ ਮਰੀਜ਼ ਜਾਂ ਜ਼ਿੰਮੇਵਾਰ ਪੱਖ ਵਿੱਤੀ ਸਹਾਇਤਾ ਅਰਜ਼ੀ ਪ੍ਰਕਿਰਿਆਵਾਂ ਨੂੰ ਉਚਿਤ ਰੂਪ ਵਿੱਚ ਪੂਰਾ ਕਰਨ ਵਿੱਚ ਅਸਫਲ ਰਹਿੰਦਾ ਹੈ ਜਦੋਂ ਮਰੀਜ਼ ਜਾਂ ਜ਼ਿੰਮੇਵਾਰ ਪੱਖ ਮਰੀਜ਼ ਜਾਂ ਜ਼ਿੰਮੇਵਾਰ ਪੱਖ ਦੁਆਰਾ ਸਮੱਗਰੀ ਦੀ ਪ੍ਰਾਪਤੀ ਦੇ 15 ਕੰਮ ਦੇ ਦਿਨਾਂ ਦੇ ਅੰਦਰ ਅਰਜ਼ੀ ਸਮੱਗਰੀ ਜਮ੍ਹਾਂ ਨਹੀਂ ਕਰਵਾਉਂਦਾ। ਜੇਕਰ ਮਰੀਜ਼ ਜਾਂ ਜ਼ਿੰਮੇਵਾਰ ਪੱਖ ਅਰਜ਼ੀ ਦੀ ਪ੍ਰਕਿਰਿਆ ਵਿੱਚ ਮੁੜ ਸ਼ਾਮਲ ਹੁੰਦਾ ਹੈ ਤਾਂ ਕਿਸੇ ਵੀ ਕੁਲੈਕਸ਼ਨ ਦੇ ਜਤਨਾਂ ਨੂੰ ਰੋਕ ਦਿੱਤਾ ਜਾਵੇਗਾ।

ਇੱਕ ਕੁਲੈਕਸ਼ਨ ਏਜੰਸੀ ਨੂੰ ਸੌਂਪੇ ਗਏ ਖਾਤੇ ਅਤੇ ਅਦਾਲਤੀ ਪ੍ਰਣਾਲੀ ਦੁਆਰਾ ਦਿੱਤਾ ਗਿਆ, ਹੁਣ ਵਿੱਤੀ ਸਹਾਇਤਾ ਦੇ ਵਿਚਾਰ ਲਈ ਯੋਗ ਨਹੀਂ ਹਨ। ਇੱਕ ਮਰੀਜ਼ ਅਦਾਲਤੀ ਫੈਸਲਾ ਮਿਲਣ ਤੋਂ ਪਹਿਲਾਂ ਕਿਸੇ ਵੀ ਸਮੇਂ ਵਿੱਤੀ ਸਹਾਇਤਾ ਲਈ ਅਰਜ਼ੀ ਦੇ ਸਕਦਾ ਹੈ।

**ਸਮੀਖਿਆ/ਸੰਸ਼ੋਧਨ ਦੀਆਂ ਤਾਰੀਖ਼ਾਂ**: 3/2/2015, 3/23/2016, 4/18/2016, 10/2/2017, 10/1/2018, 5/29/2019, 1/1/2020, 1/12/2022, 7/1/2022, 2/15/2024, 6/17/2024

## ਅਪੈਂਡਿਕਸ9

ਆਮ ਤੌਰ 'ਤੇ ਬਿੱਲ ਕੀਤੀ ਗਈ ਰਕਮ (AGB) ਦਿਸ਼ਾ, ਨਿਰਦੇਸ਼

# ਅੰਤਕਾ
# ਰਕਮਾਂ ਜੋ ਆਮ ਤੌਰ 'ਤੇ ਬਿੱਲ ਕੀਤੀਆਂ ਜਾਂਦੀਆਂ ਹਨ (AGB) ਸਬੰਧੀ ਨਿਰਦੇਸ਼

ਜੇਕਰ ਤੁਸੀਂ UW Medicine Financial Assistance Policy ਦੇ ਤਹਿਤ ਸਹਾਇਤਾ ਪ੍ਰਾਪਤ ਕਰਦੇ ਹੋ, ਤਾਂ Valley Medical Center ਤੁਹਾਡੇ ਤੋਂ ਉਹਨਾਂ ਵਿਅਕਤੀਆਂ ਲਈ ਆਮ ਤੌਰ 'ਤੇ ਬਿੱਲ (AGB) ਕੀਤੀ ਜਾਣ ਵਾਲੀ ਰਾਸ਼ੀ ਤੋਂ ਵੱਧ ਵਸੂਲੀ ਨਹੀਂ ਕਰ ਸਕਦਾ ਹੈ ਜਿਨ੍ਹਾਂ ਕੋਲ ਉਹੀ ਸੇਵਾਵਾਂ ਕਵਰ ਕਰਨ ਲਈ ਬੀਮਾ ਹੈ। IRS (Internal Revenue Service) ਸੈਕਸ਼ਨ 501(r)(5) ਮੰਗ ਕਰਦਾ ਹੈ ਕਿ 501(c)(3) ਹਸਪਤਾਲ ਵਿੱਤੀ ਸਹਾਇਤਾ ਨੀਤੀ ਦੇ ਯੋਗ ਵਿਅਕਤੀਆਂ ਤੋਂ ਲਈ ਜਾਣ ਵਾਲੀ ਰਕਮ ਨੂੰ ਉਸ ਦੇਖਭਾਲ ਲਈ ਕੁੱਲ ਖ਼ਰਚ ਤੋਂ ਘੱਟ ਤੱਕ ਸੀਮਤ ਕਰਨ। ਵਿੱਤੀ ਸਹਾਇਤਾ ਲਈ ਯੋਗ ਮਰੀਜ਼/ਗਾਰੰਟਰ 'ਤੇ ਸਾਰੇ ਸਮਾਯੋਜਨ ਅਤੇ ਬੀਮਾ ਭੁਗਤਾਨ ਲਾਗੂ ਕੀਤੇ ਜਾਣ ਤੋਂ ਬਾਅਦ (ਜੇ ਲਾਗੂ ਹੋਵੇ), ਬਿੱਲ ਦੇ ਸਿਰਫ਼ ਮਰੀਜ਼ ਦੀ ਜ਼ਿੰਮੇਵਾਰੀ ਵਾਲੇ ਹਿੱਸੇ ਤੋਂ "ਚਾਰਜ" ਕੀਤਾ ਜਾਵੇਗਾ।

Valley Medical Center ਉਸ ਦੇਖਭਾਲ ਲਈ ਕੁੱਲ ਖ਼ਰਚ ਨੂੰ ਕੁੱਲ ਖ਼ਰਚ ਨੂੰ ਇੱਕ ਜਾਂ ਇੱਕ ਤੋਂ ਵੱਧ ਪ੍ਰਤੀਸ਼ਤ ਨਾਲ ਗੁਣਾ ਕਰਕੇ "ਲੁਕ-ਬੈਕ ਵਿਧੀ" ਦੇ ਅਧਾਰ 'ਤੇ AGB ਨਿਰਧਾਰਤ ਕਰਦਾ ਹੈ, ਜਿਸਨੂੰ "AGB ਪ੍ਰਤੀਸ਼ਤ" ਕਿਹਾ ਜਾਂਦਾ ਹੈ। AGB ਪ੍ਰਤੀਸ਼ਤ ਦੀ ਗਣਨਾ Valley Medical Center ਦੇ ਉਹਨਾਂ ਸਾਰੇ ਦਾਅਵਿਆਂ ਦੀ ਪੂਰੀ ਰਕਮ ਨੂੰ ਵਿਭਾਜਿਤ ਕਰਕੇ ਸਲਾਨਾ ਤੌਰ 'ਤੇ ਕੀਤੀ ਜਾਂਦੀ ਹੈ ਜੋ ਉਹਨਾਂ ਦਾਅਵਿਆਂ ਲਈ ਸਬੰਧਿਤ ਕੁੱਲ ਖ਼ਰਚ ਦੇ ਜੋੜ ਰਾਹੀਂ 12-ਮਹੀਨੇ ਦੇ ਸਮੇਂ ਦੌਰਾਨ ਸਿਹਤ ਬੀਮਾਕਰਤਾਵਾਂ ਦੁਆਰਾ ਮਨਜ਼ੂਰ ਕੀਤੀ ਜਾਂਦੀ ਹੈ। ਇਹਨਾਂ ਉਦੇਸ਼ਾਂ ਲਈ, ਸਿਹਤ ਬੀਮਾਕਰਤਾ ਦੁਆਰਾ ਦਿੱਤੀ ਗਈ ਪੂਰੀ ਰਕਮ ਵਿੱਚ ਬੀਮਾਕਰਤਾ ਦੁਆਰਾ ਅਦਾ ਕੀਤੀ ਜਾਣ ਵਾਲੀ ਰਕਮ ਅਤੇ ਮਰੀਜ਼/ਗਾਰੰਟਰ ਸਹਿ-ਭੁਗਤਾਨ, ਸਹਿ-ਬੀਮਾ ਜਾਂ ਕਟੌਤੀਆਂ ਦੇ ਰੂਪ ਵਿੱਚ ਭੁਗਤਾਨ ਕਰਨ ਲਈ ਜ਼ਿੰਮੇਵਾਰ ਰਕਮ (ਜੇ ਕੋਈ ਹੋਵੇ) ਦੋਵੇਂ ਸ਼ਾਮਲ ਹਨ। AGB ਦੀ ਗਣਨਾ ਸਲਾਨਾ ਤੌਰ 'ਤੇ ਕੀਤੀ ਜਾਂਦੀ ਹੈ। ਇੱਕ ਵਾਰ ਵਿੱਤੀ ਸਹਾਇਤਾ ਲਈ ਯੋਗਤਾ ਮਨਜ਼ੂਰ ਹੋਣ ਤੋਂ ਬਾਅਦ, Valley Medical Center ਫੈਡਰਲ ਗਰੀਬੀ ਦਿਸ਼ਾ-ਨਿਰਦੇਸ਼ਾਂ ਦੇ ਆਧਾਰ 'ਤੇ ਲਾਗੂ ਵਿੱਤੀ ਸਹਾਇਤਾ ਸਮਾਯੋਜਨਾਂ ਨੂੰ ਲਾਗੂ ਕਰੇਗਾ। ਜੇਕਰ ਬਾਕੀ ਬਕਾਇਆ AGB ਮਨਜ਼ੂਰ ਰਕਮ ਤੋਂ ਵੱਧ ਹੈ, ਤਾਂ ਇਸ ਨੂੰ AGB ਪ੍ਰਤੀਸ਼ਤ ਤੱਕ ਘਟਾਉਣ ਲਈ ਬਕਾਏ 'ਤੇ ਇੱਕ ਵਾਧੂ ਸਮਾਯੋਜਨ ਲਗਾਇਆ ਜਾਵੇਗਾ।

| ਇਕਾਈ | ਹਸਪਤਾਲ ਅਤੇ ਪੇਸ਼ੇਵਰ ਸੰਯੁਕਤ AGB ਦਰ (7/1/2022 ਤੋਂ ਲਾਗੂ) | ਸਵਾਲ |
|---|---|---|
| Valley Medical Center | 31% | 425.690.3578 |

ਮਰੀਜ਼ ਸੁਰੱਖਿਆ (Patient Protection) ਅਤੇ ਕਿਫਾਇਤੀ ਦੇਖਭਾਲ ਐਕਟ (Affordable Care Act) ਦੇ ਅਨੁਸਾਰ, ਹਸਪਤਾਲ ਜੋ ਗੈਰ-ਲਾਭਕਾਰੀ ਹਨ ਅਤੇ 501(c)(3) ਸੰਸਥਾਵਾਂ ਵਜੋਂ ਮਾਨਤਾ ਪ੍ਰਾਪਤ ਹਨ ( **Valley Medical Center ਸਮੇਤ**) ਨੂੰ ਇਸ ਵਿੱਤੀ ਸਹਾਇਤਾ ਨੀਤੀ ਦੇ ਅਧੀਨ ਸਹਾਇਤਾ ਲਈ ਯੋਗ ਵਿਅਕਤੀਆਂ ਨੂੰ ਦਿੱਤੀ ਗਈ ਐਮਰਜੈਂਸੀ ਜਾਂ ਮੈਡੀਕਲ ਪੱਖੋਂ ਲੋੜੀਂਦੀ ਦੇਖਭਾਲ ਲਈ ਚਾਰਜ ਕੀਤੀ ਜਾਣ ਵਾਲੀ ਰਕਮ ਨੂੰ ਸੀਮਤ ਕਰਨਾ ਚਾਹੀਦਾ ਹੈ ਇਹ ਆਮ ਤੌਰ 'ਤੇ ਉਹਨਾਂ ਵਿਅਕਤੀਆਂ ਨੂੰ ਬਿੱਲ ਕੀਤੀਆਂ ਜਾਣ ਵਾਲੀਆਂ ਰਕਮਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ ਜਿਹਨਾਂ ਕੋਲ ਅਜਿਹੀ ਦੇਖਭਾਲ ਕਵਰ ਕਰਨ ਲਈ ਬੀਮਾ ਹੈ ਅਤੇ ਅਜਿਹੇ ਵਿਅਕਤੀਆਂ ਤੋਂ "ਕੁੱਲ ਖ਼ਰਚ" ਨਹੀਂ ਲਏ ਜਾ ਸਕਦੇ। 26 USC §501(r)(5)(A) ਅਤੇ (B) ਦੇਖੋ। Valley Medical Center ਉਹਨਾਂ ਵਿਅਕਤੀਆਂ ਲਈ ਸਾਰੇ ਖ਼ਰਚ ਲਿਖ ਕੇ ਇਸ ਲੋੜ ਨੂੰ ਪੂਰਾ ਕਰਦਾ ਹੈ ਜੋ ਇਸ ਨੀਤੀ ਅਧੀਨ ਵਿੱਤੀ ਸਹਾਇਤਾ ਲਈ ਯੋਗ ਹਨ।

Valley Medical Center ਸਥਾਨਕ ਗੈਰ-ਲਾਭਕਾਰੀ ਅਤੇ ਜਨਤਕ ਏਜੰਸੀਆਂ ਨੂੰ ਇਸ ਨੀਤੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ ਜੋ ਉਹਨਾਂ ਦੇ ਸਬੰਧਤ ਭਾਈਚਾਰਿਆਂ ਦੀ ਘੱਟ ਆਮਦਨੀ ਵਾਲੀ ਆਬਾਦੀ ਦੀਆਂ ਸਿਹਤ ਲੋੜਾਂ ਨੂੰ ਪੂਰਾ ਕਰਦੀਆਂ ਹਨ। ਇਸ ਤੋਂ ਇਲਾਵਾ, Valley Medical Center ਇਸ ਨੀਤੀ ਦੇ ਸਾਦੇ ਭਾਸ਼ਾ ਦੇ ਸਾਰਾਂਸ਼ਾਂ ਨੂੰ ਕਾਇਮ ਰੱਖਦਾ ਹੈ, ਜੋ ਕਿ ਆਬਾਦੀ ਦੇ 5% ਤੋਂ ਘੱਟ ਲੋਕਾਂ ਜਾਂ ਲਾਗੂ ਹਸਪਤਾਲ ਦੇ ਸੇਵਾ ਖੇਤਰ ਵਿੱਚ 1,000 ਤੋਂ ਵੱਧ ਲੋਕਾਂ ਦੁਆਰਾ ਬੋਲੀਆਂ ਜਾਂਦੀਆਂ ਭਾਸ਼ਾਵਾਂ ਵਿੱਚ ਉਪਲਬਧ ਹੈ Valley Medical Center ਇਸ ਨੀਤੀ ਦੀਆਂ ਕਾਪੀਆਂ, ਇਸਦੀ ਸਾਦੀ ਭਾਸ਼ਾ ਦਾ ਸਾਰਾਂਸ਼, ਅਤੇ ਅਰਜ਼ੀ ਆਪਣੀਆਂ ਵੈੱਬਸਾਈਟਾਂ 'ਤੇ ਮੁਫਤ ਪ੍ਰਦਾਨ ਕਰੇਗਾ, ਬੇਨਤੀ ਕਰਨ 'ਤੇ ਜਿੱਥੇ ਮੈਡੀਕਲ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ ਅਤੇ ਨਿਮਨਲਿਖਿਤ US ਡਾਕ ਰਾਹੀਂ: Valley Medical Center Financial Counseling, 400 South 43rd St., Renton, WA 98055-5010; (425) 690-3578; (ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 8:30 ਤੋਂ ਸ਼ਾਮ 5:00 ਵਜੇ ਤੱਕ)